# ਪੌਲੁਸ ਰਸੂਲ ਨੇ ਆਪਣੀਆਂ ਪੱਤ੍ਰੀਆਂ ਨਾਲ ਨਵੇਂ ਵਿਸ਼ਵਾਸੀਆਂ ਨੂੰ ਮਜ਼ਬੂਤ ਕੀਤਾ।

ਪ੍ਰਾਰਥਨਾ : ''ਪਿਆਰੇ ਪ੍ਰਭੂ, ਕਿਰਪਾ ਕਰਕੇ ਬੱਚਿਆਂ ਦੀ ਮਦਦ ਕਰ ਕਿ ਜੋ ਪੌਲੁਸ ਨੇ ਨਵੀਆਂ ਕਲੀਸਿਆਵਾਂ ਲਈ ਕੀਤਾ ਅਤੇ ਜੋ ਉਸਨੇ ਉਨ੍ਹਾਂ ਨੂੰ ਲਿਖਿਆ, ਉਸ ਦੀ ਪ੍ਰਸੰਸਾ ਕਰਨ।

ਅਜਿਹੀਆਂ ਸਿੱਖਣ ਵਾਲੀਆਂ ਗਤੀਵਿਧੀਆਂ ਚੁਣੋ, ਜਿਹੜੀਆਂ ਬੱਚਿਆਂ ਦੀਆਂ ਲੋੜਾਂ ਅਤੇ ਸਿਆਣੇਪਣ ਲਈ ਢੁੱਕਵੀਆਂ ਹਨ।

ਪੌਲੁਸ ਦੀਆਂ ਪੱਤ੍ਰੀਆਂ ਬਾਰੇ ਸਿੱਖਿਆ ਦੇਣ ਦੀ ਤਿਆਰੀ ਕਰਨ ਲਈ, ਉਸ ਦੀ ਸਭ ਤੋਂ ਛੋਟੀ ਪੱਤ੍ਰੀ **ਫਿਲੇਮੋਨ** ਪੜ੍ਹੋ। ਇਸ ਵਿੱਚ ਲੱਭੋ:

- ਪੌਲੁਸ ਨੇ ਆਪਣੇ ਆਪ ਨੂੰ ਕੀ ਕਿਹਾ (*ਆਇਤ 1*)
- ਉਸ ਨੇ ਕੀ ਆਸ ਕੀਤੀ ਕਿ ਫਿਲੇਮੋਨ ਕੋਲ ਹੋਵੇ (*ਆਇਤ 3*)
- ਉਹ ਫਿਲੇਮੋਨ ਲਈ ਕੀ ਕਰ ਰਿਹਾ ਸੀ (*ਆਇਤਾਂ 4-6*)
- ਕਿਸਦੀ ਖ਼ਾਤਿਰ ਪੌਲੁਸ ਨੇ ਫਿਲੇਮੋਨ ਦਾ ਉਪਕਾਰ ਮੰਗਿਆ। (*ਆਇਤਾਂ 10-14*)
- ਪੌਲੁਸ ਕੀ ਚਾਹੁੰਦਾ ਸੀ ਕਿ ਫਿਲੇਮੋਨ ਕਰੇ। (*ਆਇਤਾਂ 15-18*)



ਬੱਚਿਆਂ ਨੂੰ **ਦੱਸੋ** ਕਿ ਪੌਲੁਸ ਨੇ ਫਿਲੇਮੋਨ ਨੂੰ ਪੱਤਰ ਕਿਉਂ ਲਿਖਿਆ। ਉਨ੍ਹਾਂ ਗੱਲਾਂ ਬਾਰੇ ਪ੍ਰਸ਼ਨ ਪੁੱਛੋ, ਜਿਨ੍ਹਾਂ ਦੇ ਉੱਤਰ ਤੁਸੀਂ ਉੱਪਰ ਦਿੱਤੇ ਪ੍ਰਸ਼ਨਾਂ ਤੋਂ ਲੱਭੇ ਹਨ।

**ਦੱਸੋ** ਕਿ ਪੌਲੁਸ ਜੇਲ੍ਹ ਵਿੱਚ ਕਿਉਂ ਸੀ, ਜਦੋਂ ਉਸਨੇ ਆਪਣੀਆਂ ਕੁਝ ਪੱਤ੍ਰੀਆਂ ਲਿਖੀਆਂ।

- ਪ੍ਰਾਚੀਨ ਰੋਮ ਦੇ ਸਾਮਰਾਜਾਂ ਨੇ ਬਹੁਤ ਸਾਰੇ ਦੇਸ਼ਾਂ ਤੇ ਰਾਜ ਕੀਤਾ ਅਤੇ ਉਹ ਬਹੁਤ ਘਮੰਡੀ ਸਨ। ਉਨ੍ਹਾਂ ਮਸੀਹੀਆਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਅਤੇ ਬਹੁਤਿਆਂ ਨੂੰ ਮਾਰ ਸੁੱਟਿਆ, ਜਿਨ੍ਹਾਂ ਸਾਮਰਾਜ ਦੀਆਂ ਮੂਰਤਾਂ ਦੀ ਪੂਜਾ ਕਰਨ ਤੋਂ ਇਨਕਾਰ ਕੀਤਾ।
- ਪੌਲੁਸ ਰਸੂਲ ਨੇ ਰੋਮ ਦੀਆਂ ਜੇਲ੍ਹਾਂ ਵਿੱਚ ਬਹੁਤ ਸਾਲ ਬਿਤਾਏ, ਜਿਥੋਂ ਉਸਨੇ ਪੱਤ੍ਰੀਆਂ ਲਿਖਣ ਦੁਆਰਾ ਨਵੀਆਂ ਕਲੀਸਿਆਵਾਂ ਨੂੰ ਮਜ਼ਬੂਤ ਕਰਨਾ ਜਾਰੀ ਰੱਖਿਆ।

ਉਨ੍ਹਾਂ ਕੁਝ ਘਟਨਾਵਾਂ ਨੂੰ **ਨਾਟਕ ਦੇ ਰੂਪ ਵਿੱਚ** ਪੇਸ਼ ਕਰੋ, ਜਿਨ੍ਹਾਂ ਬਾਰੇ ਪੌਲੁਸ ਨੇ ਲਿਖਿਆ। ਤੁਹਾਨੂੰ ਸਾਰੇ ਕਿਰਦਾਰ ਕਰਨ ਦੀ ਲੋੜ ਨਹੀਂ ਹੈ।

- ਅਰਾਧਨਾ ਕਰਨ ਵਾਲੇ ਆਗੂ ਨਾਲ ਮਿਲਕੇ ਬੱਚਿਆਂ ਲਈ ਇਹ ਨਾਟਕ ਪੇਸ਼ ਕਰਨ ਦਾ ਪ੍ਰਬੰਧ ਕਰੋ।
- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਤਿਆਰੀ ਕਰਨ ਵਿੱਚ ਮਦਦ ਕਰਨ ਦਿਓ।
- **ਵੱਡੇ ਬੱਚਿਆਂ** ਜਾਂ ਬਾਲਗਾਂ ਨੂੰ ਕਥਾਵਾਚਕ, ਝੂਠ ਬੋਲਣ ਵਾਲਾ, ਫਿਲੇਮੋਨ ਅਤੇ ਪੌਲੁਸ ਜਿਸਨੇ ਇੱਕ ਬਾਈਬਲ ਅਤੇ ਇੱਕ ਥੈਲਾ ਚੁੱਕਿਆ ਹੋਵੇ ਦਾ ਕਿਰਦਾਰ ਨਿਭਾਉਣ ਦਿਓ।

- ਛੋਟੇ ਬੱਚਿਆਂ ਨੂੰ ਪੱਥਰ ਮਾਰਨ ਵਾਲਿਆਂ, ਦਰੋਗਾ, ਡਾਕੂਆਂ ਅਤੇ ਉਨੇਸਿਮੁਸ ਜਿਸਦੇ ਕੋਲ ਪੱਤਰ ਸੀ, ਦਾ ਕਿਰਦਾਰ ਨਿਭਾਉਉਣ ਦਿਓ।

ਕਥਾਵਾਚਕ : "ਸੁਣੋ! ਇਕ ਗੁਲਾਮ ਬਾਈਬਲ ਦੀ ਇੱਕ ਪੜ੍ਹੀ ਬਾਰੇ ਕੀ ਯਾਦ ਰੱਖੇਗਾ।"

ਉਨੇਸਿਮੁਸ : ਫਿਲੇਮੋਨ ਤੋਂ ਕਮਰੇ ਵਿੱਚੋਂ ਭੱਜ ਜਾਏ।

ਫਿਲੇਮੋਨ : "ਉਨੇਸਿਮੁਸ ਵਾਪਸ ਆ ਜਾਹ! ਤੂੰ ਚੋਰੀ ਕਰਨ ਵਾਲਾ, ਨਿਕੰਮਾ ਗੁਲਾਮ ਹੈਂ!"

ਕਥਾਵਾਚਕ : "ਬਹੁਤ ਦੂਰ ਗੁਲਾਮ ਪੌਲੁਸ ਨੂੰ ਮਿਲਿਆ, ਜਿਸਨੇ ਯਿਸੂ ਵੱਲ ਉਸਦੀ ਅਗਵਾਈ ਕੀਤੀ ਅਤੇ ਉਸਨੂੰ ਵਾਪਸ ਭੇਜਿਆ।"

ਉਨੇਸਿਮੁਸ : ਫਿਲੇਮੋਨ ਕੋਲ ਜਾ ਕੇ ਉਸਨੂੰ ਪੱਤਰ ਦੇਵੇ।

ਫਿਲੇਮੋਨ : "ਉਨੇਸਿਮੁਸ! ਸੋ, ਤੂੰ ਵਾਪਸ ਆ ਗਿਆ ਹੈਂ।" (ਪੱਤਰ ਵੇਖੇ) "ਪੌਲੁਸ ਨੇ ਇਹ ਲਿਖਿਆ ਹੈ! ਉਹ ਚਾਹੁੰਦਾ ਹੈ ਕਿ ਤੂੰ ਮੈਨੂੰ ਵਾਪਸ ਲੈ ਲਵੇਂ, ਗੁਲਾਮ ਵਾਗੂੰ ਨਹੀਂ ਪਰ ਇੱਕ ਮਸੀਹੀ ਭਰਾ ਵਾਗੂੰ! ਹਾਂ! ਤੂੰ ਅਜ਼ਾਦ ਹੈਂ। ਅਸੀਂ ਇਕੱਠੇ ਮਸੀਹ ਦੀ ਸੇਵਾ ਕਰਾਂਗੇ।" (ਉਨੇਸਿਮੁਸ ਨੂੰ ਗਲੇ ਲਾਏ)

ਕਥਾਵਾਚਕ : "ਜਦੋਂ ਪੌਲੁਸ ਜੇਲ੍ਹ ਵਿੱਚ ਸੀ, ਝੂਠੇ ਆਗੂ ਕੁਰਿੰਥੁਸ ਨੂੰ ਆਏ। ਉਨ੍ਹਾਂ ਦਾ ਇਕ ਝੂਠ ਸੁਣੋ।"

ਝੂਠ ਬੋਲਣ ਵਾਲਾ : "ਪੌਲੁਸ ਨੂੰ ਰਸੂਲ ਬਣਨ ਦਾ ਅਧਿਕਾਰ ਨਹੀਂ ਹੈ। ਪਰ ਮੈਨੂੰ ਹੈ! ਮੈਂ ਸੱਚਾ ਰਸੂਲ ਹਾਂ ਅਤੇ ਤੁਹਾਡੀ ਕਲੀਸਿਆ ਦੀ ਨਿਗਰਾਨੀ ਕਰਾਂਗਾ ਅਤੇ ਤੁਸੀਂ ਮੈਨੂੰ ਚੰਦਾ ਦੇਵੋਗੇ।"

ਕਥਾਵਾਚਕ : "ਪੌਲੁਸ ਨੇ ਕੁਰਿੰਥੀਆਂ ਨੂੰ ਇਹ ਗਲਤੀ ਸੁਧਾਰਨ ਲਈ ਪੱਤਰ ਲਿਖਿਆ। ਸੁਣੋ ਉਸਨੇ ਕੀ ਲਿਖਿਆ।"

ਪੌਲੁਸ : 2 ਕੁਰਿੰਥੀਆਂ 11:13-14 ਵਿੱਚੋਂ ਉੱਚੀ ਅਵਾਜ਼ ਨਾਲ ਪੜ੍ਹੇ।

ਝੂਠ ਬੋਲਣ ਵਾਲਾ : ਮੈਂ ਸ਼ੈਤਾਨ ਦੀ ਸੇਵਾ ਕਰਦਾ ਹਾਂ, ਪਰ ਮੈਂ ਵਿਸ਼ਵਾਸੀਆਂ ਨੂੰ ਧੋਖਾ ਦੇਣ ਲਈ ਆਤਮਿਕ ਸ਼ਬਦਾਂ ਦਾ ਪ੍ਰਯੋਗ ਕਰਦਾ ਹਾਂ!" (ਸ਼ੈਤਾਨ ਵਾਗੂੰ ਹੱਸੇ।)

ਪੌਲੁਸ : 2 ਕੁਰਿੰਥੀਆਂ 11:23-24 ਪੜ੍ਹੇ।

ਦਰੋਗਾ : ਪੌਲੁਸ ਕੋਲੋਂ ਬਾਈਬਲ ਅਤੇ ਥੈਲਾ ਖੋਹ ਲਵੇ। ਫਿਰ ਉਸਨੂੰ ਬੰਨ ਕੇ ਉਸਦੀ ਪਿੱਠ ਤੇ ਕੋਰੜੇ ਮਾਰਨ ਦਾ ਢੋਂਗ ਕਰੇ। ਆਪਣੀ ਬਾਂਹ ਨੂੰ ਇੰਜ ਘੁਮਾਵੇ, ਜਿਵੇਂ ਉਹ ਪੌਲੁਸ ਨੂੰ ਬਹੁਤ ਜ਼ੋਰ ਨਾਲ ਕੋਰੜੇ ਮਾਰ ਰਿਹਾ ਹੋਵੇ। ਹਰ ਵਾਰ ਜਦੋਂ ਬਾਂਹ ਘੁਮਾਵੇ, ਉਨ੍ਹੀ ਵਾਰ ਗਿਣਤੀ ਕਰੇ ਕਿ ਇਨ੍ਹੇ ਕੋਰੜੇ ਉਸਨੂੰ ਵੱਜ ਚੁੱਕੇ ਹਨ। 35 ਨਾਲ ਸ਼ੁਰੂ ਕਰੇ। 39 ਦੇ ਬਾਅਦ ਰੁਕ ਜਾਵੇ। "ਪੈਨਤੀ!" (ਕੋਰੜੇ।) "ਛੱਤੀ!" 39 ਤੱਕ ਜਾਰੀ ਰੱਖੇ।

ਪੌਲੁਸ : ਹਰ ਕੋਰੜਾ ਵੱਜਣ ਤੋਂ ਬਾਅਦ ਦਰਦ ਨਾਲ ਚੀਕ ਮਾਰੇ। 39 ਕੋਰੜੇ ਵੱਜਣ ਤੋਂ ਬਾਅਦ, ਹੇਠਾਂ ਡਿੱਗ ਪਵੇ। ਕੁਝ ਪਲ ਰੁੱਕ ਕੇ ਫਿਰ ਖੜਾ ਹੋਵੇ ਅਤੇ ਥੈਲਾ ਅਤੇ ਬਾਈਬਲ ਲਵੇ। 2 ਕੁਰਿੰਥੀਆਂ 11:25 ਪੜ੍ਹੇ।

ਪੱਥਰ ਮਾਰਨ ਵਾਲੇ ਅਤੇ ਝੂਠ ਬੋਲਣ ਵਾਲਾ: ਪੌਲੁਸ ਨੂੰ ਵੱਡੇ ਵੱਡੇ ਪੱਥਰ ਮਾਰਨ ਦਾ ਢੌਂਗ ਕਰਨ।

ਪੌਲੁਸ : ਦਰਦ ਨਾਲ ਚੀਕਾਂ ਮਾਰੇ ਅਤੇ ਫਿਰ ਡਿੱਗ ਪਵੇ।

ਕਥਾਵਾਚਕ : "ਸੁਣੋ ਪੌਲੁਸ ਨੇ ਕੁਰਿੰਥੀਆਂ ਨੂੰ ਹੋਰ ਕੀ ਲਿਖਿਆ।"

ਪੌਲੁਸ : ਥੈਲਾ ਅਤੇ ਬਾਈਬਲ ਲੈ ਕੇ ਖੜਾ ਹੋਵੇ। 2 ਕੁਰਿੰਥੀਆਂ 11:26 ਪੜ੍ਹੇ।

ਡਾਕੂ : ਪੌਲੁਸ ਦੇ ਪਿੱਛੇ ਚੁੱਪ ਚਪੀਤੇ ਤੁਰਨ। ਜ਼ੋਰ ਜ਼ੋਰ ਨਾਲ ਇਸ ਤਰ੍ਹਾਂ ਦੀਆਂ ਗੱਲਾਂ ਕਰਨ, "ਉਸਦੇ ਥੈਲੇ ਵਿੱਚ ਕੁਝ ਹੈ!" "ਉਸ ਨੂੰ ਲੁਟ ਲਵੋ!" "ਉਸਨੂੰ ਮਾਰੋ!" "ਥੈਲਾ ਖੋਹ ਲਵੋ!" (ਪੌਲੁਸ ਦੇ ਸਿਰ ਵਿੱਚ ਡੰਡਾ ਮਾਰਨ ਦਾ ਢੌਂਗ ਕਰਨ। ਅਸਲੀ ਡੰਡੇ ਦਾ ਪ੍ਰਯੋਗ ਨਾ ਕਰੋ। ਥੈਲਾ ਖੋਹੋ ਅਤੇ ਭੱਜ ਜਾਓ।)

ਪੌਲੁਸ : ਜਦੋਂ ਡਾਕੂ ਹਮਲਾ ਕਰਨ ਤਾਂ ਡਿੱਗ ਪਵੇ।

ਕਥਾਵਾਚਕ : "ਪੌਲੁਸ ਦੇ ਪੱਤਰ ਬਾਰੇ ਹੋਰ ਸੁਣੋ।"


ਪੌਲੁਸ : ਖੜਾ ਹੋਵੇ ਅਤੇ 2 ਕੁਰਿੰਥੀਆਂ 11:27-28 ਪੜ੍ਹੇ

ਕਥਾਵਾਚਕ ਜਾਂ ਵੱਡਾ ਬੱਚਾ : ਹਰ ਇੱਕ ਦਾ ਧੰਨਵਾਦ ਕਰੇ, ਜਿਸਨੇ ਨਾਟਕ ਵਿੱਚ ਮਦਦ ਕੀਤੀ ਹੈ।

ਜੇਕਰ ਬੱਚੇ, ਬਾਲਗਾਂ ਲਈ ਇਸ ਨਾਟਕ ਨੂੰ ਪੇਸ਼ ਕਰਦੇ ਹਨ, ਤਾਂ ਉਨ੍ਹਾਂ ਨੂੰ ਵੀ ਬਾਲਗਾਂ ਕੋਲੋਂ ਉਹੋ ਪ੍ਰਸ਼ਨ ਪੁੱਛਣ ਦਿਓ, ਜਿਨ੍ਹਾਂ ਦਾ ਬੱਚੇ ਪਹਿਲਾਂ (ਉੱਪਰ) ਉੱਤਰ ਦੇ ਚੁੱਕੇ ਹਨ। ਬਾਲਗਾਂ ਅਤੇ ਬੱਚਿਆਂ ਨੂੰ ਉਨ੍ਹਾਂ ਕੁਝ ਗੱਲਾਂ ਦਾ ਜ਼ਿਕਰ ਕਰਨ ਲਈ ਸੱਦਾ ਦਿਓ, ਜਿਨ੍ਹਾਂ ਦਾ ਪੌਲੁਸ ਨੇ ਕੌਮਾਂ ਤੱਕ ਯਿਸੂ ਬਾਰੇ ਖੁਸ਼ਖ਼ਬਰੀ ਲੈ ਕੇ ਜਾਣ ਲਈ ਦੁੱਖ ਉਠਾਇਆ।

ਗੁੱਸੇ ਨਾਲ ਭਰੇ ਹੋਏ ਵਿਅਕਤੀ ਦਾ, ਜਿਸਦੇ ਹੱਥ ਵਿੱਚ ਕੋਰੜਾ ਹੋਵੇ ਚਿੱਤਰ ਬਣਾਓ, ਜਾਂ ਇਸਦੀ ਨਕਲ ਕਰੋ।

- ਬੱਚਿਆਂ ਨੂੰ ਇਹ ਚਿੱਤਰ ਬਾਲਗਾਂ ਨੂੰ ਅਗਲੇ ਅਰਾਧਨਾ ਦੇ ਸਮੇਂ ਵਿੱਚ ਵਿਖਾਉਣ ਦਿਓ।
- ਉਨ੍ਹਾਂ ਨੂੰ ਦੱਸਣ ਦਿਓ ਕਿ ਇਹ ਚਿੱਤਰ ਇਸ ਗੱਲ ਦੀ ਉਦਾਹਰਣ ਹੈ ਕਿ ਪੌਲੁਸ, ਪਿਆਰੇ ਪੱਤਰ ਲਿਖਣ ਵਾਲੇ ਨੇ ਦੂਜੇ ਲੋਕਾਂ ਦੀ ਸੇਵਾ ਕਰਨ ਲਈ ਕੀ ਦੁੱਖ ਉਠਾਇਆ।



ਯਾਦ ਕਰੋ : ਛੋਟੇ ਬੱਚੇ 1 ਯੂਹੰਨਾ 2:12 ਸਿੱਖਣ। ਵੱਡੇ ਬੱਚੇ 1 ਯੂਹੰਨਾ 2:12-14 ਸਿੱਖਣ।

ਕਵਿਤਾ : 1 ਯੂਹੰਨਾ 2:12, 13 ਅਤੇ 14 ਆਇਤਾਂ ਵਿੱਚੋਂ ਤਿੰਨ ਬੱਚਿਆਂ ਨੂੰ ਮੂੰਹ ਜਬਾਨੀ ਇਕ ਇਕ ਆਇਤ ਸੁਣਾਉਣ ਦਿਓ।

ਵੱਡੇ ਬੱਚਿਆਂ ਨੂੰ ਪੌਲੁਸ ਬਾਰੇ ਅਤੇ ਪੱਤ੍ਰੀਆਂ ਜਿਹੜੀਆਂ ਉਨ੍ਹੇ ਲਿਖੀਆਂ ਸਨ, ਉਨ੍ਹਾਂ ਬਾਰੇ ਕਵਿਤਾਂ ਜਾਂ ਗੀਤ ਲਿਖਣ ਦਿਓ।

ਪ੍ਰਾਰਥਨਾ : "ਸਾਡੇ ਸਵਰਗੀ ਪਿਤਾ ਪਰਮੇਸ਼ੁਰ, ਅਸੀਂ ਬਾਈਬਲ ਵਿੱਚ ਤੇਰੇ ਅਦਭੁੱਤ ਪੱਤਰਾਂ ਲਈ ਧੰਨਵਾਦ ਕਰਦੇ ਹਾਂ, ਜਿਨ੍ਹਾਂ ਦਾ ਪ੍ਰਯੋਗ ਪਵਿੱਤਰ ਆਤਮਾ ਸਾਨੂੰ ਉਤਸਾਹਿਤ ਕਰਨ, ਸਾਨੂੰ ਸੁਧਾਰਨ ਅਤੇ ਸਾਨੂੰ ਮਜ਼ਬੂਤ ਕਰਨ ਲਈ ਕਰਦਾ ਹੈ।"

Copyright 2004 © by Paul-Timothy. May be freely copied. Download from www.Paul-Timothy.net